# ਚੋਣ ਮੁੱਦੇ ਤੇ ਪੰਜਾਬ

ਪੰਜਾਬ ਵਿਚ ਦੋ ਪਾਰਟੀਆਂ ਪਿਛਲੇ 62 ਸਾਲਾਂ ਤੋਂ ਵਾਰੋ-ਵਾਰੀ ਰਾਜ ਕਰ ਰਹੀਆਂ ਹਨ ਜੋ ਇਨ੍ਹਾਂ ਚੋਣਾਂ ਵਿਚ ਇਕੋ ਹੀ ਨਾਅਰਾ ਦੇ ਰਹੀਆਂ ਹਨ ਉਹ ਹੈ "ਵਿਕਾਸ"। ਇਹ ਦੋਵੇਂ ਪਾਰਟੀਆਂ ਗਲੀਆਂ ਨਾਲੀਆਂ ਪੱਕੀਆਂ ਕਰਨ ਅਤੇ ਸੜਕਾਂ ਬਣਾਉਣ ਨੂੰ ਵਿਕਾਸ ਕਹਿ ਕੇ ਪਰਚਾਰਦੀਆਂ ਆ ਰਹੀਆਂ ਹਨ ਪਰ ਆਓ! ਜਰਾ ਵੇਖੀਏ ਕਿ ਇਨ੍ਹਾਂ ਦੇ ਕਾਰਜਕਾਲ ਦੌਰਾਨ ਪੰਜਾਬ ਦਾ ਵੱਖ ਵੱਖ ਖੇਤਰਾਂ ਵਿਚ ਕਿੰਨਾ ਕੁ ਵਿਕਾਸ ਹੋਇਆ ਹੈ।

**ਸਿੱਖਿਆ ਦੀ ਹਾਲਤ:** ਮਨੁੱਖ ਅਤੇ ਹੋਰ ਜੀਵਾਂ ਵਿਚਲਾ ਬੁਨਿਆਦੀ ਫਰਕ ਹੈ ਗਿਆਨ ਦਾ। ਜੇ ਗਿਆਨ ਨਹੀਂ ਹੈ ਤਾਂ ਮਨੁੱਖ ਅਤੇ ਪਸ਼ੂ ਵਿਚਲਾ ਫਰਕ ਮਿਟ ਜਾਂਦਾ ਹੈ। ਪਿਛਲੇ 62 ਸਾਲਾਂ ਵਿਚ ਪੰਜਾਬ ਦੇ ਲੋਕ ਇਸ ਅਜ਼ਾਦ ਲੋਕਤੰਤਰ ਵਿਚ ਕਿੰਨਾ ਕੁ ਗਿਆਨ ਹਾਸਲ ਕਰ ਸਕੇ ਹਨ? ਸਰਕਾਰੀ ਅੰਕੜੇ ਲਗਭਗ ਅੱਧੀ ਕੁ ਜਨਤਾ ਨੂੰ ਪੜ੍ਹਿਆ ਲਿਖਿਆ ਮੰਨ ਰਹੇ ਹਨ। ਕਿਸੇ ਅੰਗੂਠਾ-ਛਾਪ ਦੇ ਦਸਤਖਤ ਕਰਨ ਸਿੱਖ ਜਾਣ ਨੂੰ ਪੜ੍ਹਿਆ ਲਿਖਿਆ ਨਹੀਂ ਕਿਹਾ ਜਾ ਸਕਦਾ ਪਰ ਸਰਕਾਰੀ ਅੰਕੜਿਆਂ ਵਿਚ ਲੋਕਾਂ ਨੂੰ ਪੜ੍ਹਿਆ ਲਿਖਿਆ ਮੰਨਣ ਦਾ ਇਹੀ ਆਧਾਰ ਹੈ। ਪ੍ਰੋ. ਪੂਰਨ ਸਿੰਘ ਨੇ ਅੱਜ ਤੋਂ 80 ਸਾਲ ਪਹਿਲਾਂ ਭਾਰਤ ਦਾ ਸੰਵਿਧਾਨ ਲਿਖਣ ਲਈ ਆਏ ਸਾਈਮਨ ਕਮਿਸ਼ਨ ਨੂੰ ਚਿੱਠੀ ਲਿਖ ਕੇ ਕਿਹਾ ਸੀ।

"ਪਸ਼ੂਆਂ ਦੇ ਇੱਜੜਾਂ ਵਰਗੇ ਲੋਕਾਂ ਨੂੰ ਵੋਟ ਦਾ ਅਧਿਕਾਰ ਦੇਣ ਦਾ ਨਾਂ ਲੋਕਤੰਤਰ ਨਹੀਂ ਹੈ। ਪਹਿਲਾਂ ਉਨ੍ਹਾਂ ਨੂੰ ਬੰਦਿਆਂ ਵਰਗੀ ਜ਼ਿੰਦਗੀ ਜੀਣ ਦੇ ਯੋਗ ਬਣਾਉਣ ਤਾਂ ਕਿ ਉਹ ਵੋਟ ਦੇ ਅਧਿਕਾਰ ਦੇ ਯੋਗ ਹੋ ਸਕਣ।" ਪ੍ਰਸਿੱਧ ਸਿਆਸੀ ਵਿਦਵਾਨ ਲਾਸਕੀ ਕਹਿੰਦਾ ਹੈ ਕਿ ਸਿੱਖਿਆ ਬਿਨਾਂ ਲੋਕਤੰਤਰ ਮੂਰਖਾਂ ਉੱਪਰ ਬਦਮਾਸ਼ਾਂ ਦਾ ਰਾਜ ਹੈ। ਇਸ ਦੇਸ਼ ਵਿਚ ਇਹ ਗੱਲ ਸਭ ਤੋਂ ਵਧੇਰੇ ਢੁਕਦੀ ਹੈ। ਸਦੀਆਂ ਪਹਿਲਾਂ ਗੁਰੂ ਨਾਨਕ ਪਾਤਸ਼ਾਹ ਨੇ ਇਹੀ ਸੱਚ ਪਰਗਟ ਕੀਤਾ ਸੀ।

'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥' ਭਾਈ ਗੁਰਦਾਸ ਜੀ ਨੇ ਵੀ ਇਸੇ ਗੱਲ ਨੂੰ ਪੱਕਿਆਂ ਕੀਤਾ ਹੈ ਕਿ "ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤ ਮੁਖਹੁ ਅਲਾਈ॥"

ਜੇ ਬੰਦੇ ਕੋਲ ਗਿਆਨ ਹੈ ਤਾਂ ਉਹ ਕੁਲ ਮੁਸ਼ਕਿਲਾਂ ਨਾਲ ਜੂਝ ਸਕਦਾ ਹੈ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਸਮਰੱਥ ਵੀ ਹੋ ਸਕਦਾ ਹੈ। ਜੇਕਰ ਲੋਕਾਂ ਨੂੰ ਗਿਆਨ ਤੋਂ ਵਾਂਝੇ ਰੱਖਿਆ ਜਾਵੇ ਤਾਂ ਉਹ ਜ਼ਿੰਦਗੀ ਦੇ ਪੱਧਰ ਤੋਂ ਹੀ ਡਿਗ ਪੈਂਦੇ ਹਨ। ਪੰਜਾਬ ਦੀ ਪੇਂਡੂ ਜ਼ਿੰਦਗੀ ਅੰਦਰ ਇਸ ਦੀਆਂ ਸੈਂਕੜੇ ਮਿਸਾਲਾਂ ਹਨ ਕਿ ਵੱਡੇ-ਵੱਡੇ ਕਿਸਾਨਾਂ ਦੇ ਘਰ ਤਬਾਹ ਹੋ ਗਏ ਜਿਨ੍ਹਾਂ ਦੇ ਵਾਰਸ ਪੜ੍ਹੇ-ਲਿਖੇ ਨਹੀਂ ਸਨ। ਇਥੋਂ ਤਕ ਵੀ ਦੇਖਣ ਵਿਚ ਆਉਂਦਾ ਹੈ ਕਿ ਪਿੰਡਾਂ ਵਿਚ ਜਿਨ੍ਹਾਂ ਬਾਣੀਆਂ ਦੇ ਪੁੱਤਰ ਨਹੀਂ ਪੜ੍ਹੇ ਉਹ ਆਪਣੀ ਪੁਸ਼ਤੈਨੀ ਹੱਟੀ ਨੂੰ ਥੋੜ੍ਹਾ ਮੋਟਾ ਹੀ ਵਧਾ ਸਕੇ ਹਨ ਤੇ ਜਿਨ੍ਹਾਂ ਦੇ ਬੱਚੇ ਪੜ੍ਹ ਗਏ ਉਨ੍ਹਾਂ ਦੇ ਕਾਰੋਬਾਰ ਕਈ ਗੁਣਾ ਵਧੇਰੇ ਫੈਲ ਗਏ। ਜੇ ਬੰਦੇ ਕੋਲ ਗਿਆਨ ਹੈ ਤਾਂ ਉਸ ਕੋਲ ਰੋਟੀ ਵੀ ਆ ਜਾਵੇਗੀ। ਜੇ ਗਿਆਨ ਨਹੀਂ ਹੈ ਤਾਂ ਸਭ ਕੁਝ ਹੁੰਦਿਆਂ ਹੋਇਆਂ ਵੀ ਲੋਕ ਬੰਦਿਆਂ ਵਾਂਗ ਜੀਣ ਤੋਂ ਵਾਂਝੇ ਰਹਿ ਜਾਂਦੇ ਹਨ। ਜ਼ਿੰਦਗੀ ਜੀਣ ਲਈ ਸਭ ਤੋਂ ਅਹਿਮ ਚੀਜ਼ ਹੈ ਗਿਆਨ।

ਪਿਛਲੇ 62 ਸਾਲਾਂ ਵਿਚ ਪੰਜਾਬ ਵਿਚਲੀ ਹਰ ਸਰਕਾਰ ਨੇ ਪੰਜਾਬ ਦੇ ਲੋਕਾਂ ਨੂੰ ਗਿਆਨ ਤੋਂ ਵਾਂਝੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਇੱਕੀਵੀਂ ਸਦੀ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਰਿਪੋਰਟ ਹੈ ਕਿ ਪੰਜਾਬ ਦੇ ਸਕੂਲਾਂ ਅੰਦਰ ਪਹਿਲੀ ਕਲਾਸ ਵਿਚ ਦਾਖਲ ਹੋਣ ਵਾਲੇ ਬੱਚਿਆਂ ਵਿਚੋਂ ਲਗਭਗ 10% ਬੱਚੇ ਹੀ 12 ਜਮਾਤਾਂ ਪੜ੍ਹਦੇ ਹਨ। ਇਸਦਾ ਮਤਲਬ ਹੈ ਕਿ ਅੱਜ ਵੀ ਪੇਂਡੂ ਗਰੀਬਾਂ ਦੇ 100 ਵਿਚੋਂ 90 ਬੱਚੇ ਸੈਕੰਡਰੀ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਦੇ ਵਿਦਿਆਰਥੀਆਂ ਵਿਚ ਕੇਵਲ 4 ਫੀਸਦੀ ਹੀ ਪੇਂਡੂ ਇਲਾਕਿਆਂ ਵਿਚੋਂ ਹੁੰਦੇ ਹਨ। ਪੰਜਾਬ ਦੇ ਪ੍ਰਾਇਮਰੀ ਸਕੂਲਾਂ ਦੀ ਹਾਲਤ ਕਿਸੇ ਤੋਂ ਗੁੱਝੀ ਨਹੀਂ ਹੈ। ਪਿਛਲੇ ਸਾਲ ਦੀ ਸਰਕਾਰੀ ਰਿਪੋਰਟ ਹੈ ਕਿ 8000 ਪ੍ਰਾਇਮਰੀ ਸਕੂਲਾਂ ਵਿਚ ਇਕ ਜਾਂ ਦੋ ਅਧਿਆਪਕ ਹੀ ਹਨ। ਸਰਕਾਰ ਨੇ ਨਵੇਂ ਅਧਿਆਪਕ ਭਰਤੀ ਕਰਨ ਦੀ ਥਾਂ 14000 ਹਜ਼ਾਰ ਅਧਿਆਪਕਾਂ ਦੀਆਂ ਥਾਵਾਂ ਹੀ ਖਤਮ ਕਰ ਦਿੱਤੀਆਂ। ਸਕੂਲਾਂ ਦਾ ਪ੍ਰਬੰਧ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਨੂੰ ਦੇ ਕੇ ਸਰਕਾਰ ਸਿੱਧੇ ਰੂਪ ਵਿਚ ਹੀ ਲੋਕਾਂ ਨੂੰ ਸਿੱਖਿਆ ਦੇਣ ਤੋਂ ਭੱਜ ਰਹੀ ਹੈ। ਜਿਹੜੀ ਸਰਕਾਰ ਲੋਕਾਂ ਨੂੰ ਅੱਖਰ ਗਿਆਨ ਵੀ ਦੇ ਨਹੀਂ ਸਕਦੀ ਉਹ ਤਾਂ ਲਾਹਨਤ ਲੈਣ ਦੇ ਯੋਗ ਵੀ ਨਹੀਂ ਹੈ।

**ਨਸ਼ਿਆਂ ਦਾ ਛੇਵਾਂ ਦਰਿਆ:** ਅੱਜ ਪੰਜਾਬ ਦੇ ਲੱਖਾਂ ਨੌਜਵਾਨ ਨਸ਼ਿਆਂ ਵਿਚ ਪੈ ਕੇ ਆਪਣੇ ਸਰੀਰ, ਆਪਣੀ ਜ਼ਿੰਦਗੀ, ਆਪਣੇ ਪਰਿਵਾਰ, ਵਿਰਾਸਤ ਅਤੇ ਆਪਣਾ ਸਭ ਕੁਝ ਖਤਮ ਕਰ ਰਹੇ ਹਨ। ਅੱਜ ਕਿਸੇ ਦੁਸ਼ਮਣ ਨੂੰ ਉਨ੍ਹਾਂ ਨੂੰ ਖਤਮ ਕਰਨ ਦੀ ਲੋੜ ਨਹੀਂ ਹੈ। ਜੇ ਉਨ੍ਹਾਂ ਨੂੰ ਸਹੀ ਗਿਆਨ ਦਿੱਤਾ ਗਿਆ ਹੁੰਦਾ ਤਾਂ ਉਹ ਕਦੇ ਵੀ ਐਡਾ ਵੱਡਾ ਨੁਕਸਾਨ ਬਰਦਾਸ਼ਤ ਨਾ ਕਰਦੇ। ਜਿਨ੍ਹਾਂ ਦੀ ਵਿਰਾਸਤ ਵਿਚ ਅਣਖ ਲਈ ਕੱਟ ਕੇ ਮਰਨ ਦਾ ਜਜ਼ਬਾ ਹੋਵੇ, ਜਿਨ੍ਹਾਂ ਨੇ ਕਦੇ ਕਿਸੇ ਦੀ ਈਨ ਨਾ ਮੰਨੀ ਹੋਵੇ ਉਹ ਕਿਵੇਂ ਕਿਸੇ ਬੇਗਾਨੇ ਸਭਿਆਚਾਰ ਅੱਗੇ ਝੁਕ ਗਏ ਹਨ-ਸਿਰਫ ਗਿਆਨ ਤੋਂ ਸੱਖਣੇ ਹੋਣ ਕਰਕੇ। ਨਸ਼ਿਆਂ ਦੀ ਦਲਦਲ ਵਿਚ ਧਸ ਜਾਣ ਕਰਕੇ ਬੇਵੱਸ ਹੋ ਗਏ ਹਨ। ਇਹ ਦੇਣ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੇ ਰਾਜ ਕੀਤਾ। ਉਨ੍ਹਾਂ ਦੀਆਂ ਵੋਟਾਂ ਲੈ ਕੇ ਉਨ੍ਹਾਂ ਨਾਲ ਧੋਖਾ ਕੀਤਾ। ਉਨ੍ਹਾਂ ਦੇ ਪਰਿਵਾਰਾਂ ਨੂੰ, ਉਨ੍ਹਾਂ ਦੇ ਬੱਚਿਆਂ ਨੂੰ, ਗੱਲ ਕੀ ਸਭ ਕੁਝ ਉਜਾੜ ਕੇ ਰੱਖ ਦਿੱਤਾ। ਪੰਜਾਬ ਵਿਚ ਇਸ ਸਾਲ ਲੁਧਿਆਣੇ ਜ਼ਿਲ੍ਹੇ ਦੇ ਸ਼ਰਾਬ ਦੇ ਠੇਕਿਆਂ ਦੀ ਬੋਲੀ 305 ਕਰੋੜ ਰੁਪਏ ਦੀ ਹੋਈ। ਬਾਕੀ ਜ਼ਿਲ੍ਹਿਆਂ ਦੀ ਬੋਲੀ ਕਿੰਨੇ ਕਰੋੜ ਦੇ ਹੋਈ ਹੋਵੇਗੀ? ਇਹਦੇ ਤੋਂ ਬਿਨਾਂ ਭੁੱਕੀ, ਸਮੈਕ, ਕੈਪਸੂਲ, ਗੋਲੀਆਂ, ਤੰਬਾਕੂ ਆਦਿ ਦਾ ਕੋਈ ਅੰਤ ਨਹੀਂ ਹੈ। ਜੇ ਪੰਜਾਬ ਦੇ ਲੋਕ ਅਰਬਾਂ ਰੁਪਏ ਦਾ ਨਸ਼ਾ ਕਰਦੇ ਹਨ ਤਾਂ ਆਖਰ ਇਹਦੇ ਲਈ ਕੌਣ ਜ਼ਿੰਮੇਵਾਰ ਹੈ? ਕੀ ਇਹ ਜ਼ਿੰਮੇਵਾਰੀ ਸਰਕਾਰ ਦੀ ਨਹੀਂ? ਤਾਂ ਸਿੱਧੀ ਗੱਲ ਹੈ ਕਿ ਇਨ੍ਹਾਂ ਸਿਆਸਤਦਾਨਾਂ ਨੂੰ ਪੈਸਾ ਜਾਂ ਰਿਸ਼ਵਤ ਵਿਚੋਂ ਬਣਦਾ ਹੈ ਜਾਂ ਨਸ਼ਿਆਂ 'ਚੋਂ। ਇਸ ਕਰਕੇ ਇਹ ਲੋਕ ਕਦੇ ਵੀ ਨਸ਼ਾ ਜਾਂ ਰਿਸ਼ਵਤਖੋਰੀ ਖਤਮ ਨਹੀਂ ਕਰਨਗੇ। ਭਾਵ ਹਾਲਾਤ ਏਹੀ ਰਹਿਣਗੇ।

**ਸਿਹਤ ਸਹੂਲਤਾਂ ਦੀ ਮਾੜੀ ਦਸ਼ਾ:** ਅਜੇ ਤਕ ਪੰਜਾਬ ਵਿਚ ਔਖੇ ਵੇਲੇ, ਬਿਮਾਰ ਜਾਂ ਜ਼ਖਮੀ ਦੇ ਇਲਾਜ ਲਈ ਸਿਰਫ ਲੁਧਿਆਣੇ ਜਾਂ ਚੰਡੀਗੜ੍ਹ ਹੀ ਜਾਣਾ ਪੈਂਦਾ ਹੈ। 62 ਸਾਲਾਂ ਵਿਚ ਇਹ ਰਾਜ ਕਰਨ ਵਾਲੇ ਲੋਕ ਪੰਜ-ਸੱਤ ਹਸਪਤਾਲ ਵੀ ਨਹੀਂ ਬਣਾ ਸਕੇ। ਪਿੰਡਾਂ ਦੇ ਨਾਮ ਧਰੀਕ ਹਸਪਤਾਲ ਅਵਾਰਾ ਡੰਗਰਾਂ ਦੇ ਰੈਣ-ਬਸੇਰੇ ਬਣੇ ਪਏ ਹਨ। ਹਜ਼ਾਰਾਂ ਡਾਕਟਰਾਂ ਦੀਆਂ ਥਾਵਾਂ ਖਾਲੀ ਪਈਆਂ ਹਨ। ਦੂਜੇ ਪਾਸੇ ਪਿੰਡਾਂ ਕਸਬਿਆਂ ਵਿਚ ਮੈਡੀਕਲ ਸਟੋਰਾਂ ਦਾ ਬੋਲਬਾਲਾ ਹੋ ਰਿਹਾ ਹੈ। ਜਿਥੇ ਦਵਾਈ ਦੇ ਨਾਂ 'ਤੇ ਥੋਕ ਦੇ ਭਾਅ ਨਸ਼ੇ ਵਿਕਦੇ ਹਨ। ਪੰਜਾਬ ਵਿਚ ਨਕਲੀ ਦਵਾਈਆਂ ਅਤੇ ਪੁੱਗੀ ਹੋਈ ਮਿਆਦ ਵਾਲੀ ਦਵਾਈਆਂ ਦੇ ਵਿਕਣ ਦੇ ਅਨੇਕਾਂ ਕੇਸ ਸਾਹਮਣੇ ਆਏ ਹਨ। ਪੰਜਾਬ ਵਿਚ ਹੁਣ ਫੌਜ ਦੀ ਭਰਤੀ ਵਿਚ ਵੀ ਨੌਜਵਾਨ ਸਰੀਰਕ ਤੌਰ 'ਤੇ ਯੋਗ ਨਹੀਂ ਹਨ। ਪਿਛਲੇ ਸਾਲਾਂ ਵਿਚ ਬਠਿੰਡਾ, ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਪਟਿਆਲਾ ਵਿਚ ਹੋਈਆਂ ਭਰਤੀ ਰੈਲੀਆਂ ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨ ਭਰਤੀ ਹੋਣ ਲਈ ਪਹੁੰਚੇ। ਇਹ ਹੈਰਾਨੀ ਤੇ ਦੁੱਖ ਵਾਲੀ ਗੱਲ ਹੈ ਕਿ ਕੁਝ 100 ਦੀ ਮਿੱਥੀ ਹੋਈ ਭਰਤੀ ਵੀ ਨਹੀਂ ਹੋ ਸਕੀ। ਬਹੁਤੇ ਨੌਜਵਾਨ 1600 ਮੀਟਰ ਦੀ ਦੌੜ ਵੀ ਪੂਰੀ ਨਹੀਂ ਕਰ ਸਕੇ। ਕੀ ਪੰਜਾਬ ਦੇ ਨੌਜਵਾਨਾਂ ਦੀ ਇਸ ਹਾਲਤ ਦਾ ਨਾਂ ਵਿਕਾਸ ਹੈ? ਕੀ ਬਾਦਲ ਦਲ ਜਾਂ ਕਾਂਗਰਸੀਆਂ ਦੀ ਇਹੀ ਪ੍ਰਾਪਤੀ ਹੈ?

ਸਰਕਾਰ ਦੀ ਆਪਣੀ ਰਿਪੋਰਟ ਹੈ ਕਿ ਪੰਜਾਬ ਦੇ ਲਗਭਗ 12,500 ਪਿੰਡਾਂ ਵਿਚੋਂ 10000 ਤੋਂ ਵੱਧ ਪਿੰਡਾਂ ਵਿਚ ਪੀਣ ਵਾਲਾ ਪਾਣੀ ਸਹੀ ਨਹੀਂ ਹੈ। ਜੇ 62 ਸਾਲਾਂ ਬਾਅਦ ਕਿਸੇ ਸੂਬੇ ਜਾਂ ਦੇਸ਼ ਦੀ ਸਰਕਾਰ ਲੋਕਾਂ ਲਈ ਪੀਣ ਦਾ ਪਾਣੀ ਮੁਹੱਈਆ ਨਹੀਂ ਕਰਾ ਸਕਦੀ ਤਾਂ ਏਦੂੰ ਨਿਕੰਮੇਪਣ ਦੀ ਉਦਾਹਰਣ ਹੋਰ ਕੀ ਹੋ ਸਕਦੀ ਹੈ। ਬਠਿੰਡੇ ਜ਼ਿਲ੍ਹੇ ਦੇ ਜੱਜਲ ਗਿਆਨਾ ਵਰਗੇ ਪਿੰਡ ਕੈਂਸਰ ਦੇ ਰੋਗ ਕਾਰਨ ਦੁਨੀਆਂ ਦੇ ਨਕਸ਼ੇ 'ਤੇ ਆ ਗਏ ਹਨ। ਖਰਾਬ ਪਾਣੀ ਕਾਰਨ ਲੋਕਾਂ ਵਿਚ ਕੈਂਸਰ, ਕਾਲਾ ਪੀਲੀਆ, ਤਪਦਿਕ, ਹਾਈ ਬਲੱਡ ਪ੍ਰੈਸ਼ਰ, ਨਾ-ਮਰਦੀ, ਬਾਂਝਪਣ, ਚਮੜੀ-ਪੇਟ-ਹੱਡੀਆਂ ਦੀਆਂ ਬਿਮਾਰੀਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿੰਡਾਂ ਤਾਂ ਕੀ ਅਜੇ ਤਕ ਪੰਜਾਬ ਦੇ ਦਸ ਵੱਡੇ ਸ਼ਹਿਰਾਂ ਵਿਚ ਵੀ ਪੀਣ ਵਾਲੇ ਪਾਣੀ ਦਾ ਪ੍ਰਬੰਧ ਨਹੀਂ ਹੋ ਸਕਿਆ। ਹਰ ਗਰਮੀ ਦੇ ਮੌਸਮ ਵਿਚ ਅਖਬਾਰਾਂ ਵਿਚ ਫੋਟੋਆਂ ਤੇ ਖਬਰਾਂ ਛਪਦੀਆਂ ਹਨ ਕਿ ਲੋਕ ਪਾਣੀ ਖੁਣੋਂ ਦੁਖੀ ਹਨ।

**ਪਾਣੀਆਂ ਦੀ ਲੁੱਟ:** ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਖੇਤੀ ਲਈ ਮੁਖ ਲੋੜ ਹੈ ਪਾਣੀ। ਪੰਜਾਬ ਦਾ ਅੱਧੋਂ ਬਹੁਤਾ ਪਾਣੀ ਹਰਿਆਣੇ ਅਤੇ ਰਾਜਸਥਾਨ ਨੂੰ ਖੋਹ ਕੇ ਦਿੱਤਾ ਜਾ ਚੁੱਕਿਆ ਹੈ। ਜ਼ੁਲਮ ਦੀ ਗੱਲ ਵੇਖੋ ਕਿ ਮੀਡੀਆ ਕੈਪਟਨ ਸਰਕਾਰ ਨੂੰ 'ਪਾਣੀ ਦੇ ਰਾਖੇ' ਵਜੋਂ ਪੇਸ਼ ਕਰ ਰਿਹਾ ਹੈ। ਜਦਕਿ ਸੱਚ ਇਹ ਹੈ ਕਿ ਅੱਜ ਤੋਂ ਪਹਿਲਾਂ 1955, 1976, 1981 ਅਤੇ 1985 ਵਿਚ ਜੋ ਪਾਣੀ ਪੰਜਾਬ ਕੋਲੋਂ ਖੋਹਿਆ ਗਿਆ ਉਹ ਗ਼ੈਰ-ਕਾਨੂੰਨੀ ਸੀ। ਕੈਪਟਨ ਸਰਕਾਰ ਨੇ 'ਪੰਜਾਬ ਪਾਣੀਆਂ ਦੇ ਸਮਝੌਤਿਆਂ ਦਾ ਖਾਤਮਾ ਐਕਟ 2004' ਬਿਲ ਪਾਸ ਕਰਕੇ ਇਹ ਲਿਖ ਦਿੱਤਾ ਕਿ "ਜੋ ਪਾਣੀ ਪਹਿਲਾਂ ਜਾਂਦਾ ਹੈ ਉਹ ਜਾਂਦਾ ਰਹੇਗਾ।" ਮਤਲਬ ਸਾਫ ਅੱਜ ਤੋਂ ਪਹਿਲਾਂ ਜਾਣ ਵਾਲਾ ਪਾਣੀ ਗ਼ੈਰ-ਕਾਨੂੰਨੀ ਸੀ ਤੇ ਹੁਣ ਇਸਨੂੰ ਪੰਜਾਬ ਦੀ ਵਿਧਾਨ ਸਭਾ ਵਿਚ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਪੰਜਾਬ ਨਾਲ ਸਭ ਤੋਂ ਵੱਡੀ ਗ਼ਦਾਰੀ ਕਰਨ ਵੇਲੇ ਬਾਦਲ ਦਲ ਨੇ ਵੀ ਇਸ ਨਾਲ

ਸਰਬ-ਸੰਮਤੀ ਵਿਖਾਈ। ਪੰਜਾਬ ਦੇ ਇਤਿਹਾਸ ਅੰਦਰ ਏਦੂੰ ਵੱਡਾ ਦੁਖਦਾਈ ਪਹਿਲੂ ਹੋਰ ਕੋਈ ਨਹੀਂ ਹੈ। ਇਹ ਗੱਲ ਚਿੱਟੇ ਦਿਨ ਵਾਂਗ ਸਾਫ ਹੋ ਗਈ ਹੈ ਕਿ ਪੰਜਾਬ ਨੂੰ ਤਬਾਹ ਕਰਨ ਲਈ ਇਨ੍ਹਾਂ ਦੋਨਾਂ ਧਿਰਾਂ ਦੀ ਆਪਸ ਵਿਚ ਕਿੰਨੀ ਬਣਦੀ ਹੈ? ਪਰ ਇਹ ਲੋਕ ਅਜੇ ਵੀ ਆਪਣੇ ਇਸ ਕੁਕਰਮ ਦੇ ਨਾਂ 'ਤੇ ਵੋਟਾਂ ਮੰਗਦੇ ਨੇ।

**ਪੰਜਾਬ ਮਾਰੂਥਲ ਬਣਨ ਦੇ ਰਾਹ:** ਪੰਜਾਬ ਦੇ ਲੋਕ ਇਸ ਧਰਤੀ ਦੇ ਨਿੱਕੇ ਜਿਹੇ ਖਿੱਤੇ ਵਿਚ ਕਈ ਲੱਖ ਟੋਏ ਪੁੱਟ ਕੇ ਖੇਤੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਆਪਣੀ ਖੇਤੀ ਨੂੰ ਸੁੱਕਣ ਤੋਂ ਬਚਾਉਣ ਲਈ ਕਿਸਾਨਾਂ ਨੇ 2000 ਫੁੱਟ ਤਕ ਧਰਤੀ ਦਾ ਸੀਨਾ ਸੱਲ੍ਹ ਦਿੱਤਾ ਹੈ। ਸੰਨ 2004 ਦੀ ਸਰਕਾਰੀ ਰਿਪੋਰਟ ਹੈ ਕਿ ਪੰਜਾਬ ਦੇ 138 ਬਲਾਕਾਂ ਵਿਚੋਂ 112 ਬਲਾਕਾਂ ਦਾ ਪਾਣੀ ਖਤਰੇ ਦੀ ਹੱਦ ਤੋਂ ਵੱਧ ਡੂੰਘਾ ਹੋ ਗਿਆ ਹੈ। ਖੂਹਾਂ ਨੂੰ ਡੂੰਘੇ ਕਰਨ ਵਾਲੇ ਕਿਸਾਨ ਅਤੇ ਕਾਮੇ ਹਰ ਰੋਜ਼ ਅਖ਼ਬਾਰਾਂ ਦੀ ਸੁਰਖੀ ਬਣ ਰਹੇ ਹਨ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਰਿਪੋਰਟ ਹੈ ਕਿ ਪੰਜਾਬ ਵਿਚ 57% ਤੋਂ ਵਧੇਰੇ ਧਰਤੀ ਹੇਠਲਾ ਪਾਣੀ ਜ਼ਮੀਨਾਂ ਦੀ ਸਿੰਚਾਈ ਦੇ ਯੋਗ ਨਹੀਂ ਹੈ। ਜੇ ਲਾਪ੍ਰਵਾਹੀ ਇਸੇ ਤਰ੍ਹਾਂ ਜਾਰੀ ਰਹੀ ਤਾਂ ਪਾਣੀ ਖੇਤੀ ਤਾਂ ਕੀ, ਪੀਣ ਨੂੰ ਵੀ ਨਹੀਂ ਲੱਭੇਗਾ। ਮੁੱਲ ਵਿਕੇਗਾ ਪਾਣੀ ਪੰਜਾਬ ਅੰਦਰ।

**ਬਿਜਲੀ ਦੀ ਹਾਲਤ:** ਪਾਣੀ ਤੋਂ ਬਿਨਾਂ ਬਿਜਲੀ ਖੇਤੀ, ਉਦਯੋਗ ਅਤੇ ਘਰੇਲੂ ਜ਼ਿੰਦਗੀ ਲਈ ਲਾਜ਼ਮੀ ਲੋੜ ਬਣ ਗਈ ਹੈ। ਪੰਜਾਬ ਵਿਚ ਬਿਜਲੀ ਦਾ ਹਾਲ ਕਿਸੇ ਜਾਣਕਾਰੀ ਦਾ ਮੁਹਤਾਜ ਨਹੀਂ ਹੈ। ਪੰਜਾਬ ਦਾ ਜੋ ਪਾਣੀ ਹਰਿਆਣੇ ਜਾਂ ਰਾਜਸਥਾਨ ਨੂੰ ਗਿਆ ਹੈ ਉਸਦੇ ਨਾਲ ਉਸਤੋਂ ਬਣਨ ਵਾਲੀ ਬਿਜਲੀ ਵੀ ਉਨ੍ਹਾਂ ਦੇ ਖਾਤੇ ਵਿਚ ਪਾਈ ਗਈ ਹੈ। ਮਹਿੰਗੇ ਭਾਅ ਦੀ ਕੋਲੇ ਵਾਲੀ ਬਿਜਲੀ ਵਰਤਣ ਲਈ ਪੰਜਾਬ ਦੇ ਲੋਕੀਂ ਮਜ਼ਬੂਰ ਹਨ, ਜੋ ਉਨ੍ਹਾਂ ਦੀ ਲੋੜ ਤੋਂ ਅੱਧੀ ਵੀ ਨਹੀਂ ਹੈ।

**ਕਰਜ਼ਾਈ ਪੰਜਾਬ ਦੇ ਕਰਜ਼ਾਈ ਕਿਰਸਾਨ:** 2008 ਦੇ ਬਜਟ ਮੁਤਾਬਕ ਪੰਜਾਬ ਸਰਕਾਰ ਸਿਰ 57000 ਕਰੋੜ ਦਾ ਕਰਜ਼ਾ ਹੈ ਅਤੇ ਸਾਰੇ ਹਿੰਦੁਸਤਾਨ ਦਾ ਢਿੱਡ ਭਰਨ ਵਾਲੇ ਪੰਜਾਬ ਦੇ ਕਿਰਸਾਨ ਦੀ ਲੱਖ ਮਿਹਨਤਾਂ ਦੇ ਬਾਵਜੂਦ ਹਾਲਤ ਇਹ ਹੈ ਕਿ ਕਰਜ਼ੇ ਦੇ ਹਿਸਾਬ ਨਾਲ ਪੰਜਾਬ ਦਾ ਦੂਜਾ ਨੰਬਰ ਹੈ। 65% ਤੋਂ ਵੱਧ ਕਿਸਾਨ ਕਰਜ਼ਈ ਹੋ ਚੁੱਕੇ ਹਨ। 12% ਕਿਸਾਨ ਅਜਿਹੇ ਹਨ ਜੇ ਉਹ ਆਪਣਾ ਸਾਰਾ ਕੁਝ ਵੇਚ ਦੇਣ ਤਾਂ ਵੀ ਕਰਜ਼ਾ ਨਹੀਂ ਲਾਹ ਸਕਦੇ। ਪਿਛਲੇ 10 ਸਾਲਾਂ ਵਿਚ ਨਰਮੇ ਦਾ ਭਾਅ ਵਧਣ ਦੀ ਬਜਾਏ 200 ਰੁਪਏ ਘਟ ਗਿਆ ਹੈ। ਬਾਦਲ ਸਰਕਾਰ ਵੇਲੇ 1998 ਵਿਚ ਰਿਜ਼ਰਵ ਬੈਂਕ ਆਫ ਇੰਡੀਆ ਨੇ ਪੰਜਾਬ ਨੂੰ ਡਿਫਾਲਟਰ ਸੂਬਾ ਐਲਾਨ ਦਿੱਤਾ। 2007 ਵਿਚ ਕੈਪਟਨ ਅਮਰਿੰਦਰ ਸਿੰਘ ਨੇ ਮੁਕਤਸਰ ਦੀ ਪਵਿੱਤਰ ਧਰਤੀ 'ਤੇ ਹਜ਼ਾਰਾਂ ਲੋਕਾਂ ਦੇ ਇਕੱਠ ਵਿਚ ਆਪਣੀ ਪ੍ਰਾਪਤੀ ਦੱਸੀ ਕਿ ਇਸ ਸਮੇਂ ਪੰਜਾਬ ਦੇ ਕਿਸਾਨ ਸਿਰ 24,000 ਕਰੋੜ ਰੁਪਏ ਦਾ ਸਲਾਨਾ ਕਰਜ਼ਾ ਹੈ ਜਦਕਿ ਉਨ੍ਹਾਂ ਦੀ ਆਮਦਨ 7200 ਕਰੋੜ ਰੁਪਏ ਬਣਦੀ ਹੈ। ਪੰਜਾਬ ਸਰਕਾਰ ਦਾ ਰਿਕਾਰਡ ਕਹਿੰਦਾ ਹੈ ਕਿ 1998 ਤੋਂ 2002 ਤਕ 2116 ਕਿਸਾਨ ਖੁਦਕਸ਼ੀ ਕਰ ਚੁਕੇ ਹਨ ਜਿਸਦੀ ਵਜ੍ਹਾ ਕਰਜ਼ਾ ਰਿਹਾ ਹੈ। 2100 ਤੋਂ ਵੱਧ ਮਿਹਨਤੀ ਕਿਸਾਨਾਂ ਦੇ ਜਾਨ ਗਵਾਉਣ ਨੂੰ ਇਹ ਲੋਕ (ਅਕਾਲੀ-ਭਾਜਪਾ ਤੇ ਕਾਂਗਰਸੀ) ਆਪਣੀ ਪ੍ਰਾਪਤੀ ਮੰਨਦੇ ਹਨ ਜਾਂ ਵਿਕਾਸ ਉਹ ਹੀ ਜਾਨਣ। ਕੋਈ ਸਾਲ ਅਜਿਹਾ ਨਹੀਂ ਲੰਘਿਆ ਜਦੋਂ ਖੇਤੀ ਕਰਨ ਵਾਲਿਆਂ ਨੂੰ ਬੀਜਾਂ, ਰੇਹਾਂ, ਸਪਰੇਆਂ ਦੀ ਘਾਟ ਨਾ ਆਈ ਹੋਵੇ ਜਾਂ ਨਕਲੀ ਨਾ ਮਿਲੇ ਹੋਣ। ਨਾ ਹੀ ਕਦੇ ਪਾਣੀ ਅਤੇ ਬਿਜਲੀ ਦੀ ਥੁੜ ਪੂਰੀ ਹੋਈ ਹੈ। ਪਿਛਲੇ 62 ਸਾਲਾਂ ਵਿਚ ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਨੇ ਮਿਹਨਤ ਕਰਦਿਆਂ ਆਪਣੀਆਂ ਦੇਹਾਂ ਅਤੇ ਜ਼ਮੀਨਾਂ ਗਾਲ ਲਈਆਂ ਹਨ ਪਰ ਮਿਲਿਆ ਕੀ? ਕਰਜ਼ੇ ਜਾਂ ਜਲਾਲਤ ਦੀ ਮੌਤ। ਇਹ ਵੀ ਰਾਜ ਕਰਨ ਵਾਲੇ ਲੋਕਾਂ ਦੀ ਪ੍ਰਾਪਤੀ ਜਾਂ ਵਿਕਾਸ ਦਾ ਹਿੱਸਾ ਹੈ।

**ਪੰਜਾਬ ਨਾਲ ਵਿਤਕਰੇ:** ਅਜ਼ਾਦੀ ਤੋਂ ਮਗਰੋਂ ਪੰਜਾਬੀ ਸੂਬਾ ਬਣਾਉਣਾ ਪਹਿਲਾ ਮੁੱਦਾ ਸੀ। 20 ਸਾਲਾਂ ਦੀ ਜੱਦੋ ਜਹਿਦ ਮਗਰੋਂ ਲੰਗੜਾ ਪੰਜਾਬੀ ਸੂਬਾ ਬਣਾ ਦਿੱਤਾ ਗਿਆ। ਜਿਹੜਾ ਆਪਣੀ ਰਾਜਧਾਨੀ ਆਪਣੀ ਅਦਾਲਤ ਅਤੇ ਆਪਣੇ ਪਾਣੀਆਂ ਦੀ ਮਾਲਕੀ ਤੋਂ ਵਾਂਝਾ ਸੀ ਅਤੇ ਜਿਸਦੇ ਪੰਜਾਬੀ ਬੋਲਦੇ ਇਲਾਕੇ ਖੋਹ ਲਏ ਗਏ ਸਨ। ਇਨ੍ਹਾਂ ਦੀ ਪ੍ਰਾਪਤੀ ਲਈ ਅਕਾਲੀ ਦਲ ਨੇ ਸੰਘਰਸ਼ ਅਰੰਭਿਆ। ਇਸ ਸਾਰੇ ਸੰਘਰਸ਼ ਨੂੰ ਅਨੰਦਪੁਰ ਦੇ ਮਤੇ ਦਾ ਨਾਂ ਦਿੱਤਾ ਗਿਆ ਜਿਸ ਵਿਚ ਪੰਜਾਬੀ ਬੋਲੀ, ਪੰਜਾਬੀ ਬੋਲਦੇ ਇਲਾਕੇ, ਰਾਜਧਾਨੀ, ਪਾਣੀਆਂ ਦੇ ਹੱਕ ਤੇ ਵੱਧ ਅਧਿਕਾਰਾਂ ਦੀ ਮੰਗ ਸੀ। ਪਰ ਇਨ੍ਹਾਂ ਸਾਰੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਵੀ ਵਿਸਾਰ ਦਿੱਤਾ ਗਿਆ।

**ਸਿੱਖਾਂ ਦੇ ਕਾਤਲ ਤੇ ਭ੍ਰਿਸ਼ਟ ਅਫਸਰਾਂ ਨੂੰ ਤਰੱਕੀਆਂ:** 1997 ਵਿਚ ਬਾਦਲ ਦਲ ਨੇ ਲੋਕਾਂ ਕੋਲੋਂ ਇਸ ਨਾਅਰੇ ਨਾਲ ਵੋਟਾਂ ਮੰਗੀਆਂ ਕਿ ਉਹ ਕਾਂਗਰਸ ਦੇ ਜ਼ੁਲਮਾਂ ਦੇ ਖਿਲਾਫ ਇਨਸਾਫ ਅਤੇ ਨਿਆਂ ਵਾਲਾ ਰਾਜ ਦੇਣਗੇ ਪਰ 5 ਸਾਲ ਰਾਜ ਕਰਨ ਮਗਰੋਂ ਸੰਨ 2002 ਵਿਚ ਕਿਹਾ ਕਿ ਅਸੀਂ ਵਿਕਾਸ ਕੀਤਾ ਹੈ ਸਾਨੂੰ ਵੋਟਾਂ ਦਿਓ। ਦੂਜੇ ਪਾਸੇ ਕਾਂਗਰਸ ਪਾਰਟੀ ਨੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਵੋਟਾਂ ਮੰਗੀਆਂ ਕਿ ਅਸੀਂ ਸਾਫ ਸੁਥਰਾ ਰਾਜ ਦਿਆਂਗੇ। 5 ਸਾਲਾਂ ਬਾਅਦ ਉਹ ਵੀ ਕਹਿ ਰਹੇ ਸਨ ਕਿ ਅਸੀਂ ਵਿਕਾਸ ਕੀਤਾ ਹੈ ਸਾਨੂੰ ਵੋਟਾਂ ਦਿਓ। ਜੋ ਨਾਅਰੇ ਇਨ੍ਹਾਂ ਪਾਰਟੀਆਂ ਨੇ ਰਾਜ ਪ੍ਰਾਪਤੀ ਤੋਂ ਪਹਿਲਾਂ ਲਾਏ ਸਨ ਉਹ ਰਾਜ ਕਰਨ ਮਗਰੋਂ ਕਿਉਂ ਨਹੀਂ ਲਾ ਰਹੇ? ਕਿੱਡੀ ਅਜੀਬ ਗੱਲ ਹੈ ਕਿ ਦੋ ਪਾਰਟੀਆਂ ਦਾ ਹੁਣ ਇਕੋ ਏਜੰਡਾ ਹੈ 'ਵਿਕਾਸ'। ਇਸ 'ਵਿਕਾਸ' ਦਾ ਜ਼ਿਕਰ ਅਸੀਂ ਉੱਪਰ ਕਰ ਚੁੱਕੇ ਹਾਂ। 1997 ਵਿਚ ਬਾਦਲ ਦਲ ਨੇ ਨਿਰਦੋਸ਼ ਲੋਕਾਂ ਦੇ ਮਾਰੇ ਜਾਣ ਦੇ ਮਾਮਲਿਆਂ ਦੀ ਪੜਤਾਲ ਕਰਾਉਣ ਤੇ ਦੋਸ਼ੀ ਅਫਸਰਾਂ ਨੂੰ ਸਜ਼ਾ ਦਿਵਾਉਣ ਦੇ ਨਾਂ 'ਤੇ ਵੋਟਾਂ ਲਈਆਂ ਸਨ। ਅੱਜ ਇਨ੍ਹਾਂ ਵਾਅਦਿਆਂ ਨੂੰ ਪੂਰੇ ਕਰਨਾ ਤਾਂ ਦੂਰ ਦੀ ਗੱਲ ਸਗੋਂ ਦਰਬਾਰ ਸਾਹਿਬ ਉੱਤੇ ਹਮਲੇ ਲਈ ਦਸਤਖਤ ਕਰਨ ਵਾਲੇ ਡੀ.ਸੀ. ਰਮੇਸਇੰਦਰ ਨੂੰ ਪੰਜਾਬ ਦਾ ਮੁੱਖ ਸਕੱਤਰ ਤੇ ਅਨੇਕਾਂ ਨੌਜਵਾਨਾਂ ਨੂੰ ਮਾਰਨ ਵਾਲੇ ਸੁਮੇਧ ਸੈਣੀ ਵਰਗੇ ਜਾਲਮ ਅਫਸਰਾਂ ਨੂੰ ਤਰੱਕੀਆਂ ਨਾਲ ਨਿਵਾਜ਼ਿਆ ਜਾ ਰਿਹਾ ਹੈ।

**ਬੇ-ਰੁਜ਼ਗਾਰੀ:** ਪੰਜਾਬ ਅੰਦਰ ਲੱਖਾਂ ਪੜ੍ਹੇ-ਲਿਖੇ ਨੌਜਵਾਨ ਬੇ-ਰੁਜ਼ਗਾਰ ਘੁੰਮ ਰਹੇ ਹਨ ਜਿਹਨਾਂ ਨੂੰ ਨੌਕਰੀਆਂ ਦੀ ਬਜਾਇ ਪੁਲਿਸ ਦੀਆਂ ਡਾਂਗਾਂ ਦੀ ਮਾਰ ਝੱਲਣੀ ਪੈ ਰਹੀ ਹੈ। ਪੰਜਾਬ ਦੇ ਨੌਜਵਾਨ ਦਾ ਦਿੱਲੀ ਸਰਕਾਰ ਅਤੇ ਪੰਜਾਬ ਦੀਆਂ ਸਰਕਾਰਾਂ ਦੀ ਮਿਲੀ ਭੁਗਤ ਨਾਲ ਖੇਤੀ ਨਾਲੋਂ ਮੋਹ ਭੰਗ ਹੋ ਚੁੱਕਾ ਹੈ। ਗੱਲ ਇਹ ਨਹੀਂ ਹੈ ਕਿ ਖੇਤੀ ਲਾਹੇਵੰਦ ਧੰਦਾ ਨਹੀਂ ਹੈ ਜੇ ਅਜਿਹੀ ਗੱਲ ਹੁੰਦੀ ਤਾਂ ਟਾਟੇ-ਬਿਰਲਿਆਂ ਦੀਆਂ ਕੰਪਨੀਆਂ ਕਦੇ ਪੰਜਾਬ ਵਿਚ ਖੇਤੀ ਕਰਨ ਲਈ ਵੱਡੇ ਵੱਡੇ ਫਾਰਮ ਨਾ ਖਰੀਦਦੀਆਂ। ਇਹ ਤਾਂ ਪੰਜਾਬ ਦੇ ਲੋਕਾਂ ਨੂੰ ਮਜਬੂਰ ਕਰਕੇ ਅਤੇ ਧੱਕੇ ਨਾਲ ਉਨ੍ਹਾਂ ਤੋਂ ਜ਼ਮੀਨ ਦੀ ਮਾਲਕੀ ਖੋਹ ਕੇ ਉਨ੍ਹਾਂ ਨੂੰ ਇੱਥੇ ਘਸਿਆਰੇ ਬਣਾਉਣ ਦੀ ਨੀਤੀ ਹੈ ਇਸੇ ਵਜ੍ਹਾ ਕਰਕੇ ਅੱਜ ਹਜ਼ਾਰਾਂ ਨੌਜਵਾਨ ਵਿਦੇਸ਼ਾਂ ਦੀ ਧਰਤੀ 'ਤੇ ਰੁਲ ਰਹੇ ਹਨ। ਇਕ ਇੱਜ਼ਤ ਦੀ ਰੋਟੀ ਖਾਤਰ ਆਪਣੀ ਮਾਣਯੋਗ ਮਿੱਟੀ ਤੋਂ ਹਜ਼ਾਰਾਂ ਕੋਹਾਂ ਦੂਰ ਕੋਹਲੂ ਦੇ ਬੈਲ ਬਣੇ ਹੋਏ ਨੇ। ਅੱਜ ਪੰਜਾਬ ਦੇ ਅਰਥਚਾਰੇ ਉੱਤੇ ਵੱਡੀਆਂ ਕੰਪਨੀਆਂ ਦੀ ਪਕੜ ਮਜਬੂਤ ਹੋ ਰਹੀ ਹੈ ਅਤੇ ਛੋਟਾ ਕਿਰਸਾਨ, ਛੋਟਾ ਦੁਕਾਨਦਾਰ, ਛੋਟੇ ਕਾਰੀਗਰ-ਦਸਤਕਾਰ ਲਈ ਸਵੈ-ਰੁਜ਼ਗਾਰ ਦੇ ਮੌਕੇ ਖਤਮ ਹੋ ਰਹੇ ਹਨ। ਕੀ ਇਹੀ ਵਿਕਾਸ ਹੈ ਕਿ ਲੋਕਾਂ ਨੂੰ ਐਨਾ ਠਿਠ ਕਰੋ ਕਿ ਜਾਂ ਉਹ ਆਪਣੀ ਧਰਤੀ ਹੀ ਛੱਡ ਜਾਣ ਜਾਂ ਨਸ਼ਿਆਂ ਵਿਚ ਰੁੜ੍ਹ ਜਾਣ ਜਾਂ ਮਰ ਜਾਣ।

ਪੰਜਾਬ ਦੇ ਜੋ ਹਾਲਾਤ ਹੋ ਗਏ ਹਨ ਉਨ੍ਹਾਂ ਦੇ ਹੱਲ ਲਈ ਸਭ ਤੋਂ ਜ਼ਰੂਰੀ ਅਤੇ ਮੁੱਢਲੀ ਗੱਲ ਹੈ ਉਹ ਹੈ ਲੋਕਾਂ ਨੂੰ ਸਹੀ ਸਿੱਖਿਆ ਦੇਣ ਦੀ ਤਾਂ ਕਿ ਉਹ ਆਪਣੀਆਂ ਮੁਸ਼ਕਿਲਾਂ ਨੂੰ ਜ਼ਿੰਦਗੀ ਦੀ ਕੀਮਤ ਨੂੰ ਅਤੇ ਸਭ ਕਾਸੇ ਨੂੰ ਸਮਝਣ ਦੇ ਯੋਗ ਹੋ ਸਕਣ। ਹਰ ਬੱਚੇ ਬੱਚੀ ਨੂੰ ਸੈਕੰਡਰੀ ਸਿੱਖਿਆ ਵਧੀਆ ਅਤੇ ਮੁਫਤ ਦਿੱਤੀ ਜਾਵੇ। ਅਤੇ ਸਾਰੇ ਲੋਕਾਂ ਦੀ ਸਿੱਖਿਆ ਦਾ ਇਕੋ ਜਿਹਾ ਹੀ ਪੱਧਰ ਹੋਣਾ ਚਾਹੀਦਾ ਹੈ। ਗਰੀਬ ਅਮੀਰ ਦੀ ਪੜ੍ਹਾਈ ਦਾ ਫਰਕ ਨਹੀਂ ਹੋਣਾ ਚਾਹੀਦਾ। ਅਸੀਂ ਆਪਣੀ ਵਿਰਾਸਤ ਦਾ ਉਹ ਸਵੈਮਾਣ ਵਾਪਸ ਲਿਆਉਣਾ ਹੈ ਜੀਹਦੇ ਕਰਕੇ ਸਾਡੇ ਪੁਰਖੇ ਸਦੀਆਂ ਤੋਂ ਹਰ ਦੁਸ਼ਮਣ ਤੇ ਆਫਤ ਨਾਲ ਲੋਹਾ ਲੈਂਦੇ ਆਏ ਹਨ। ਸਵੈਮਾਣ ਜੋ ਬੰਦਿਆਂ ਵਾਂਗ ਜੀਣ-ਮਰਨ ਲਈ ਰੋਟੀ-ਪਾਣੀ ਤੋਂ ਵੱਧ ਜ਼ਰੂਰੀ ਹੈ। ਬੰਦੇ ਨੂੰ ਜਿਊਣ ਲਈ ਰੋਟੀ ਤਾਂ ਚਾਹੀਦੀ ਹੈ ਪਰ ਇੱਜ਼ਤ ਦੀ ਰੋਟੀ। ਇਹ ਵਾਰੋ-ਵਾਰੀ ਰਾਜ ਕਰਨ ਵਾਲੇ ਇੱਜ਼ਤ-ਅਣਖ ਮੇਸ ਕੇ ਪੰਜਾਬ ਦੇ ਲੋਕਾਂ ਨੂੰ ਸਿਰਫ ਰੋਟੀ (ਸਸਤਾ ਆਟਾ ਦਾਲ) ਜਾਂ ਚੰਦ ਛਿਲੜਾਂ ਦੀਆਂ ਸਹੂਲਤਾਂ ਤਕ ਸੀਮਤ ਕਰਨਾ ਚਾਹੁੰਦੇ ਹਨ ਤੇ ਸਾਨੂੰ ਅਣਖ, ਇੱਜ਼ਤ, ਸਵੈਮਾਣ ਨੂੰ ਕਿਸੇ ਵੀ ਕੀਮਤ 'ਤੇ ਟੁੱਟਣ ਨਹੀਂ ਦੇਣਾ ਚਾਹੀਦਾ। ਹੁਣ ਵੇਲਾ ਹੈ, ਆਓ! ਰਲ ਕੇ ਹੰਭਲਾ ਮਾਰੀਏ, ਇਕ ਅਜਿਹਾ ਰਾਜ ਸਿਰਜੀਏ ਜੋ ਗੁਰੂ ਆਸ਼ੇ ਅਨੁਸਾਰ ਸਰਬੱਤ ਦੇ ਭਲੇ ਵਾਲਾ ਹੋਵੇ, ਜਿੱਥੇ ਅਸੀਂ ਪੂਰਨ ਅਜ਼ਾਦੀ ਦਾ ਨਿੱਘ ਮਾਣ ਸਕੀਏ।-●


ਵਲੋਂ: ਦਲਜੀਤ ਸਿੰਘ ਬਿੱਟੂ (ਚੇਅਰਮੈਨ) 98159-44483,
ਦਇਆ ਸਿੰਘ ਕੱਕੜ (ਕੌਮੀ ਪੰਚ) 99151-54671,
ਹਰਿੰਦਰ ਸਿੰਘ ਖਾਲਸਾ (ਕੌਮੀ ਪੰਚ) 94632-68487,
ਕੁਲਵੀਰ ਸਿੰਘ ਬੜਾਪਿੰਡ (ਕੌਮੀ ਪੰਚ) 99147-19183,
ਕਮਿੱਕਰ ਸਿੰਘ ਮੁਕੰਦਪੁਰ (ਕੌਮੀ ਪੰਚ) 98142-96660,
ਹਰਪਾਲ ਸਿੰਘ ਚੀਮਾ (ਸਕੱਤਰ ਜਨਰਲ) 98153-60051


ਇਨ ਗਰੀਬ ਸਿੱਖਨ ਕਉ ਦੇਉ ਪਾਤਸ਼ਾਹੀ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਪੰਚ ਪ੍ਰਧਾਨੀ


ਸੇਵਾ ਕਰਾਈ: ਸਿੱਖ ਫੈਡਰੇਸ਼ਨ, (ਯੂ.ਕੇ.)